# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈੱਸ ਨੋਟ

ਉਹ ਸਾਰੇ ਵਿਦਿਆਰਥੀ ਜਿਹੜੇ ਸਤੰਬਰ-2010 ਤੋਂ 2013 ਤੱਕ ਦਸਵੀਂ ਅਤੇ ਬਾਰ੍ਹਵੀਂ ਪਾਸ ਕਰਨ ਦੇ ਸਾਰੇ ਮੌਕੇ ਗੁਆ ਚੁੱਕੇ ਹਨ ਅਤੇ ਬੋਰਡ ਦਫ਼ਤਰ ਵੱਲੋਂ ਮਾਰਚ-2014 ਵਿੱਚ ਦਿੱਤੇ ਸਪੈਸ਼ਲ ਚਾਂਸ ਵਿੱਚ ਉਨ੍ਹਾਂ ਨੇ ਇਹ ਪ੍ਰੀਖਿਆਵਾਂ ਪਾਸ ਕਰ ਲਈਆਂ ਹਨ, ਨੂੰ ਹੇਠ ਲਿਖੇ ਅਨੁਸਾਰ ਦਾਖ਼ਲਾ ਸਾਲ 2014-15 ਦੌਰਾਨ ਦਾਖ਼ਲਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

1. ਮੈਟ੍ਰਿਕ ਪ੍ਰੀਖਿਆ ਪਾਸ ਕਰਨ ਵਾਲੇ ਅਜਿਹੇ ਵਿਦਿਆਰਥੀ ਜਿਨ੍ਹਾਂ ਨੇ ਮੈਟ੍ਰਿਕ ਪਾਸ ਕਰਨ ਦੇ ਨਾਲ-ਨਾਲ ਸਕੂਲ ਤੋਂ ਗਿਆਰ੍ਹਵੀਂ ਸ਼੍ਰੇਣੀ ਵੀ ਸਾਲ 2012-13 ਜਾਂ 2013-14 ਦੌਰਾਨ ਪਾਸ ਕਰ ਲਈ ਹੈ, ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖ਼ਲਾ ਲੈਣ ਦੇ ਯੋਗ ਹੋਣਗੇ।
2. ਦਸਵੀਂ ਸ਼੍ਰੇਣੀ ਵਿੱਚੋਂ ਫੇਲ੍ਹ ਹੋਣ ਵਾਲੇ ਵਿਦਿਆਰਥੀ ਮੁੜ ਦਸਵੀਂ ਸ਼੍ਰੇਣੀ ਵਿੱਚ ਦਾਖ਼ਲਾ ਲੈ ਸਕਣਗੇ।
3. ਬਾਰ੍ਹਵੀਂ ਸ਼੍ਰੇਣੀ ਵਿੱਚੋਂ ਫੇਲ੍ਹ ਹੋਣ ਵਾਲੇ ਵਿਦਿਆਰਥੀ ਵੀ ਮੁੜ ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖ਼ਲਾ ਪ੍ਰਾਪਤ ਕਰਨ ਦੇ ਯੋਗ ਹਨ।

ਉਪਰੋਕਤ ਵਿਦਿਆਰਥੀਆਂ ਦੇ ਦਾਖ਼ਲਿਆਂ ਦੀ ਅੰਤਿਮ ਮਿਤੀ 22-07-2014 ਨਿਸ਼ਚਿਤ ਕੀਤੀ ਗਈ ਹੈ। ਆਨ ਲਾਈਨ ਫ਼ਾਰਮ ਭਰਨ ਦੀ ਆਖ਼ਰੀ ਮਿਤੀ 30-07-2014 ਅਤੇ ਡਿਪੂਆਂ ਵਿੱਚ ਫ਼ਾਰਮ ਜਮ੍ਹਾਂ ਕਰਵਾਉਣ ਦੀ ਆਖ਼ਰੀ ਮਿਤੀ 07-08-2014 ਨਿਰਧਾਰਿਤ ਕੀਤੀ ਗਈ ਹੈ।

ਸਕੱਤਰ